**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ ਨਗਰ।**
**(ਅਮਲਾ-2 ਸ਼ਾਖਾ)**

## ਪਬਲਿਕ ਨੋਟਿਸ

3582 ਮਾਸਟਰ ਕਾਡਰ ਦੀ ਭਰਤੀ ਅਧੀਨ ਮਿਤੀ 29.06.2018 ਨੂੰ ਜਿਲ੍ਹਾ ਅੰਮ੍ਰਿਤਸਰ ਵਿਖੇ ਮੈਥ, ਸਾਇੰਸ, ਪੰਜਾਬੀ ਅਤੇ ਐਸ.ਐਸ ਵਿਸ਼ਿਆਂ ਵਿੱਚ ਅਧਿਆਪਕਾਂ ਦੀ ਨਿਯੁਕਤੀ ਲਈ ਪੇਸ਼ਕਸ਼ ਪੱਤਰ ਦਿੱਤੇ ਗਏ ਸਨ। ਜਿਸ ਉਪਰੰਤ ਇਨ੍ਹਾਂ ਨਿਯੁਕਤ ਹੋਏ ਉਮੀਦਵਾਰਾਂ ਨੂੰ ਮਿਤੀ 26.07.2018 ਅਤੇ 27.07.2018 ਨੂੰ ਮੁੱਖ ਦਫਤਰ ਵੱਲੋਂ ਵੱਖ-ਵੱਖ ਕਮੇਟੀਆਂ ਰਾਹੀਂ ਸਟੇਸ਼ਨ ਅਲਾਟ ਕਰਦੇ ਹੋਏ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਇਨ੍ਹਾਂ ਅਲਾਟ ਕੀਤੇ ਕੁੱਝ ਸਕੂਲਾਂ ਵਿੱਚ ਪੋਸਟ ਸਰਪਲੱਸ ਹੋਣ/ ਪੋਸਟ ਖਾਲੀ ਨਾ ਹੋਣ ਕਾਰਨ ਸਬੰਧਤ ਪੋਸਟਿੰਗ ਸਥਾਨਾਂ ਤੇ ਹਾਜ਼ਰ ਨਾ ਹੋਣ ਵਾਲੇ ਉਮੀਦਵਾਰਾਂ ਨੂੰ ਮਿਤੀ 03.08.2018 ਨੂੰ ਸਟੇਸ਼ਨ ਅਲਾਟ ਕਰਨ ਲਈ ਸਰਕਾਰੀ ਮਾਡਲ ਸੀਨੀ. ਸੈਕੰ. ਸਕੂਲ ਫੇਜ਼ 3ਬੀ1, ਐਸ.ਏ.ਐਸ ਨਗਰ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹਾਜ਼ਰ ਹੋਣ ਲਈ ਸੂਚਿਤ ਕੀਤਾ ਜਾਂਦਾ ਹੈ:-

| ਲੜੀ ਨੰ: | ਵਿਸ਼ਾ | ਸਮਾਂ | ਸਥਾਨ | ਵਿਸ਼ੇਸ਼ ਕਥਨ |
|---|---|---|---|---|
| 1. | ਮੈਥ | ਸਵੇਰ 09:00 ਵਜੇ ਤੋਂ 10:00 ਵਜੇ | ਸਰਕਾਰੀ ਮਾਡਲ ਸੀਨੀ. ਸੈਕੰ. ਸਕੂਲ ਫੇਜ਼ 3ਬੀ1, ਐਸ.ਏ.ਐਸ ਨਗਰ | ਕੇਵਲ ਸਰਪਲੱਸ ਪੋਸਟਾਂ/ ਪੋਸਟ ਖਾਲੀ ਨਾ ਹੋਣ ਕਾਰਨ ਹਾਜ਼ਰ ਨਾ ਹੋਣ ਵਾਲੇ ਕਰਮਚਾਰੀ ਹੀ ਸਟੇਸ਼ਨ ਚੋਣ ਲਈ ਬੁਲਾਏ ਜਾਂਦੇ ਹਨ। |
| 2. | ਪੰਜਾਬੀ | ਸਵੇਰ 10:00 ਵਜੇ ਤੋਂ 11:00 ਵਜੇ | | |
| 3. | ਐਸ.ਐਸ | ਸਵੇਰ 11:00 ਵਜੇ ਤੋਂ 12:00 ਵਜੇ | | |
| 4. | ਸਾਇੰਸ | ਦੁਪਿਹਰ 02:00 ਵਜੇ ਤੋਂ 04:00 ਵਜੇ | | |

ਉਕਤ ਪ੍ਰੋਗਰਾਮ ਅਨੁਸਾਰ ਸਮੂਹ ਨਵ-ਨਿਯੁਕਤ ਅਧਿਆਪਕ ਆਪਣੇ ਪਹਿਲਾਂ ਜਾਰੀ ਨਿਯੁਕਤੀ ਪੱਤਰ ਅਤੇ ਫੋਟੋ ਪਹਿਚਾਣ ਪੱਤਰ ਨਾਲ ਲੈਕੇ ਆਉਣਾ ਯਕੀਨੀ ਬਣਾਉਣਗੇ।

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪੋਸਟ ਸਰਪਲੱਸ ਹੋਣ/ ਖਾਲੀ ਨਾ ਹੋਣ ਕਾਰਨ ਹਾਜ਼ਰ ਨਾ ਹੋਣ ਵਾਲੇ ਕਰਮਚਾਰੀਆਂ ਦੀ ਸੂਚਨਾਂ ਇਸ ਦਫਤਰ ਦੀ ਈ-ਮੇਲ adsadpi@gmil.com ਤੇ ਮਿਤੀ 01.08.2018 ਤੱਕ ਹਰ ਹਾਲ ਵਿੱਚ ਪੁਜੱਦੀ ਕਰਨੀ ਯਕੀਨੀ ਬਣਾਉਣਗੇ।

ਮਿਤੀ: 31.07.2018

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ।